ਅੱਗ ਤੋਂ ਆਪਣੇ ਆਪ ਨੂੰ ਸੁਰੱਖਿਅਤ ਕਰੋ

ਓਂਟਾਰੀਓ ਵਿਚ ਲਗਭਗ ਹਰ ਸਾਲ ਅੱਗ ਲਗਣ ਦੇ ਨਤੀਜੇ ਵਜੋਂ 100 ਲੋਕ ਦੀ ਮੌਤ ਹੁੰਦੀ ਹੈ ਅਤੇ ਹਜ਼ਾਰਾਂ ਜ਼ਖ਼ਮੀ ਹੁੰਦੇ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਉਨ੍ਹਾਂ ਅੱਗਾਂ ਕਰਕੇ ਸ਼ਿਕਾਰ ਹੋਏ ਜੋ ਲਗਣ ਤੋਂ ਰੋਕੀਆਂ ਜਾ ਸਕਦੀਆਂ ਸਨ।

ਇਸ ਬਰੋਸ਼ਰ (ਕਿਤਾਬਚੀ) ਵਿਚ ਦਿੱਤੀ ਜਾਣਕਾਰੀ ਤੁਹਾਨੂੰ ਇਹ ਸਮਝਣ ਵਿਚ ਮਦਦ ਕਰੇਗੀ, ਕਿ ਤੁਸੀਂ ਆਪਣੇ ਆਪ ਅਤੇ ਆਪਣੇ ਪਰਿਵਾਰ ਨੂੰ ਕਿਸ ਤਰ੍ਹਾਂ ਸੁਰੱਖਿਅਤ ਰੱਖ ਸਕਦੇ ਹੋ, ਪਰ ਅਜਿਹਾ ਕਰਨ ਲਈ ਤੁਹਾਨੂੰ ਪੂਰੀ ਜ਼ਿੰਮੇਵਾਰੀ ਲੈਣੀ ਪਏਗੀ। ਜੇ ਅਜਿਹਾ ਹੋਏ ਤਾਂ ਇਹ ਤੁਹਾਨੂੰ ਸੁਰੱਖਿਅਤ ਰਹਿਣ ਅਤੇ ਜੀਉਂਦੇ ਬਚ ਨਿਕਲਨ ਦਾ ਸਭ ਤੋਂ ਵਧੀਆ ਮੌਕਾ ਦੇਵੇਗੀ।

ਤੁਸੀਂ ਸਭ ਦੀ ਜ਼ਿੰਮੇਵਾਰੀ ਕਿਉਂ ਲਈ ਹੈ? ਇਹ ਬਿਲਕੁਲ ਸਾਫ ਹੈ ਕਿਉਂਕਿ ਅੱਗ ਦੇ ਡਿਪਾਰਟਮੈਂਟ (ਵਿਭਾਗਾਂ) ਦੀਆਂ ਸਭ ਤੋਂ ਵੱਧ ਕੋਸ਼ਿਸ਼ਾਂ ਦੇ ਬਾਵਜੂਦ ਬਹੁਤੇ ਲੋਕ, ਫਾਇਰ ਸਰਵਿਸਿਜ਼ ਦੇ ਪਹੁੰਚਣ ਤੋਂ ਪਹਿਲਾਂ ਹੀ ਅੱਗ ਵਿਚ ਮਰ ਜਾਂਦੇ ਹਨ, ਹਾਲਾਂਕਿ ਫਾਇਰ ਸਰਵਿਸਿਜ਼ ਦਾ ਜੁਆਬੀ ਸਮਾਂ 5 ਮਿੰਟਾਂ ਤੋਂ ਵੀ ਘੱਟ ਹੁੰਦਾ ਹੈ।

ਅੱਗ ਤੋਂ ਸੁਰੱਖਿਅਤ ਰਹਿਣ ਦੀ ਕੁੰਜੀ ਰੱਖਿਆ ਦੀਆਂ ਤਿੰਨ ਲਾਈਨਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਦਾ ਅਭਿਆਸ ਕਰਨਾ ਹੈ।

1. **ਅੱਗ ਨੂੰ ਰੋਕਣਾ**
2. **ਸੁਰਾਗ ਮਿਲਣਾ ਜਾਂ ਪਤਾ ਲਗਣਾ**
3. **ਬਚ ਕੇ ਨਿਕਲਨਾ**

ਹੋਰ ਵੱਧ ਜਾਣਕਾਰੀ ਲਈ ਕਿਰਪਾ ਕਰਕੇ ਮਿਸੀਸੌਂਗਾ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ (Mississauga Fire and Emergency Services), ਪਬਲਿਕ ਐਜੁਕੇਸ਼ਨ (Public Education) ਨੂੰ **905-896-5908** ’ਤੇ ਕਾੱਲ ਕਰੋ ਜਾਂ ਸਾਡੀ ਵੈੱਬਸਾਈਟ **www.mississauga.ca** ਵੇਖੋ।

MISSISSAUGA
Fire and Emergency Services
Leading today for tomorrow

ਰੱਖਿਆ ਦੀਆਂ ਤਿੰਨ

1. ਅੱਗ ਤੋਂ ਬਚਣ ਲਈ

90% ਤੋਂ ਵੱਧ ਰਿਹਾਇਸ਼ੀ ਅੱਗਾਂ ਨੂੰ ਲਗਣ ਤੋਂ ਰੋਕਿਆ ਜਾ ਸਕਦਾ ਹੈ!

ਇਸ ਵਿਚ ਹੀ ਅਕਲਮੰਦੀ ਦਿੱਸਦੀ ਹੈ, ਕਿ ਪਹਿਲਾਂ ਤਾਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਅੱਗ ਲਗਣ ਹੀ ਨਾ ਦਿੱਤੀ ਜਾਏ। ਅੱਗ ਦੇ ਕਾਰਣਾਂ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਅੱਗ ਤੋਂ ਸੁਰੱਖਿਅਤ ਹੋਣ ਦੀਆਂ ਚੰਗੀਆਂ ਆਦਤਾਂ ਦਾ ਅਭਿਆਸ ਕਰਨ ਨਾਲ ਇਹ ਸੰਭਾਵਨਾ ਬਹੁਤ ਘੱਟ ਹੋ ਜਾਂਦੀ ਹੈ, ਕਿ ਤੁਹਾਡੇ ਘਰ ਵਿਚ ਅੱਗ ਲਗੇਗੀ।

ਰਿਹਾਇਸ਼ੀ ਅੱਗਾਂ ਦੇ ਮੁੱਖ ਕਾਰਣ ਇਹ ਹਨ:

- ਖਾਣਾ ਪਕਾਣ ਦਾ ਸਾਜ਼ੋ-ਸਾਮਾਨ
- ਹੀਟਿੰਗ (ਗਰਮ ਕਰਨ ਲਈ) ਦਾ ਸਾਜ਼ੋ-ਸਾਮਾਨ
- ਬਿਜਲੀ ਦੀ ਡਿਸਟ੍ਰੀਬਿਊਸ਼ਨ (ਵੰਡ ਕਰਨ) ਵਾਲਾ ਸਾਜ਼ੋ-ਸਾਮਾਨ
- ਲਿਟ (ਤਮਾਕੂਨੋਸ਼ੀ) ਸਮੋਕਰ ਦੀਆਂ ਚੀਜ਼ਾਂ
- ਮੋਮਬੱਤੀਆਂ
- ਮਾਚਸਾਂ ਜਾਂ ਲਾਈਟਰ

(ਕਿਰਪਾ ਕਰਕੇ ਯਾਦ ਰੱਖੋ ਕਿ ਅੱਗ ਲਗਣ ਦੇ ਹਰ ਕਾਰਣ ਦੀ ਅਤੇ ਰੋਕਣ ਲਈ ਕਦਮ ਚੁੱਕਣ ਦੀ ਸੂਚੀ ਬਣਾਉਣੀ ਅਸੰਭਵ ਹੋ। ਬਹੁਤਾਂ ਸਮਾਂ ਆਮ ਜਾਣਕਾਰੀ ਤੁਹਾਡੀ ਗਾਈਡ (ਸੇਧ) ਦੇਣ ਵਾਲੀ ਹੋਣੀ ਚਾਹੀਦੀ ਹੈ।)

ਇਸ ਕਿਸਮ ਦੀਆਂ ਅੱਗਾਂ ਨੂੰ ਲਗਣ ਤੋਂ ਰੋਕਣ ਲਈ, ਬਚਾਅ ਦੀਆਂ ਕੁਝ ਜੁਗਤਾਂ ਇਹ ਹਨ:

ਖਾਣਾ ਪਕਾਉਣ ਦਾ ਸਾਜ਼ੋ-ਸਾਮਾਨ

ਖਾਣਾ ਪਕਾਉਣ ਦੌਰਾਨ ਅੱਗ ਲਗਣ ਦਾ ਆਮ ਤੌਰ ’ਤੇ ਇਹ ਕਾਰਣ ਹੁੰਦਾ ਹੈ ਕਿ ਜੋ ਤੇਲ ਜਾਂ ਥਿੰਧਾ ਸਟੋਵ ਤੇ ਬਿਨਾਂ ਕਿਸੇ ਵੀ ਨਿਗਰਾਨੀ ਤੋਂ ਪਿਆ ਹੁੰਦਾ ਹੈ, ਉਹ ਤਪ ਕੇ ਅੱਗ ਫੜ ਲੈਂਦਾ ਹੈ।

ਖਾਣਾ ਪਕਾਉਣ ਦੌਰਾਨ ਅੱਗ ਲਗਣ ਤੋਂ ਬਚਣ ਲਈ:

- ਰਸੋਈ ਘਰ ਵਿਚ ਹੀ ਰਹੋ ਅਤੇ ਜੋ ਵੀ ਪਕਾ ਰਹੇ ਹੋ, ਉਸ ਵੱਲ ਪੂਰਾ ਧਿਆਨ ਦਿਉ।
- ਜੇ ਤੁਹਾਨੂੰ ਰਸੋਈ ਵਿਚ ਬਾਹਰ ਜਾਣਾ ਪੈ ਜਾਏ ਤਾਂ ਉਸ ਅੱਗ ਨੂੰ ਉਦੋਂ ਤਕ ਬੰਦ ਕਰ ਦਿਉ, ਜਦ ਤਕ ਤੁਸੀਂ ਵਾਪਸ ਨਹੀਂ ਆ ਜਾਂਦੇ।
- ਇਕ ਵੱਡਾ ਪਤੀਲਾ ਜਾਂ ਕੜਾਹੀ ਨੇੜੇ ਰੱਖੋ ਤਾਂ ਜੋ ਜੇ ਅੱਗ ਲਗ ਜਾਏ ਤਾਂ ਤੁਸੀਂ ਉਸ ਨਾਲ ਢਕ ਕੇ ਅੱਗ

ਨੂੰ ਦਬਾ ਸਕੋ। ਜੇ ਅੱਗ ਕਿਸੇ ਪਤੀਲੇ ਜਾਂ ਕੜਾਹੀ ਵਿਚ ਲਗ ਜਾਏ ਤਾਂ ਉਸ ਉਪਰ ਢਕਣ ਰੱਖਕੇ ਉਸਨੂੰ ਦਬਾ ਦਿਉ ਅਤੇ ਬਰਨਰ ਨੂੰ ਬੰਦ ਕਰ ਦਿਉ। ਪਾਣੀ ਦਾ ਇਸਤੇਮਾਲ ਨਾ ਕਰੋ ਅਤੇ ਪਤੀਲੇ ਜਾਂ ਕੜਾਹੀ ਨੂੰ ਨਾ ਹਿਲਾਉ ਉਹ ਬਹੁਤ ਗਰਮ ਹੋ ਸਕਦਾ ਹੈ।

- ਓਵਨਸ (ਤੰਦੂਰ) ਨੂੰ ਸਾਫ ਰੱਖੋ।
- ਟੋਸਟਰਾਂ, ਕੇਤਲੀਆਂ ਅਤੇ ਹੋਰ ਗਰਮੀ ਪੈਦਾ ਕਰਨ ਵਾਲੇ ਉਪਕਰਨਾਂ ਨੂੰ ਸਾਫ ਰੱਖੋ ਅਤੇ ਜਦੋਂ ਇਸਤੇਮਾਲ ਨਾ ਕੀਤੇ ਜਾਂਦੇ ਹੋਣ ਉਨ੍ਹਾਂ ਦੇ ਪਲੱਗ ਲਾਹ ਦਿਉ।

ਖਾਣਾ ਪਕਾਉਣ ਸਮੇਂ ਸੁਰੱਖਿਅਤਾ ਲਈ ਵਧੀਕ ਗੁਰ (ਸੁਝਾਅ):

- ਪਤੀਲਿਆਂ/ਕੜਾਹੀਆਂ ਦੇ ਹੈਂਡਲ ਅੰਦਰਲੇ ਪਾਸੇ ਰੱਖੋ, ਤਾਂ ਜੇ ਬੱਚੇ ਉਨ੍ਹਾਂ ਤਕ ਪਹੁੰਚ ਨਾ ਸਕਣ।
- ਬਰਨਰਾਂ ਦੇ (ਸਟੋਵਾਂ) ਉਪਰੋਂ ਦੂਜੇ ਪਾਸੇ ਦੀ ਕਿਸੇ ਚੀਜ਼ ਨੂੰ ਨਾ ਫੜੋ।
- ਜਦੋਂ ਸਟੋਵ ਦੁਆਲੇ ਕੰਮ ਕਰਦੇ ਹੋਵੋ ਫਿਟ ਕਪੜੇ ਪਾਉ।
- ਜਲਣਸ਼ੀਲ ਵਸਤੂਆਂ ਨੂੰ ਉਸ ਥਾਂ ਤੋਂ ਦੂਰ ਰੱਖੋ, ਜਿਥੇ ਖਾਣਾ ਪਕਾਇਆ ਜਾਂਦਾ ਹੈ।

ਰਸੋਈ ਵਿਚ ਅੱਗ ਜਦੇ ਬਿਨਾਂ ਨਿਗਰਾਨੀ ਛੱਡੀ ਜਾਏ।

ਕਰੋ: 1. ਅੱਗ ਨੂੰ ਲਗਣ

ਹੀਟਿੰਗ (ਗਰਮ ਕਰਨ ਵਾਲਾ) ਸਾਜ਼ੋ-ਸਾਮਾਨ

ਹੀਟਿੰਗ ਨਾਲ ਅੱਗ ਲਗਣ ਦਾ ਸਭ ਤੋਂ ਆਮ ਕਾਰਣ, ਅੰਗੀਠੀਆਂ, ਲੱਕੜ ਦੇ ਸਟੋਵ ਅਤੇ ਚਿਮਨੀਆਂ ਹਨ।

ਹੀਟਿੰਗ ਤੋਂ ਲਗਣ ਵਾਲੀਆਂ ਅੱਗਾਂ ਨੂੰ ਲਗਣ ਤੋਂ ਰੋਕਣਾ:

- ਇਨ੍ਹਾਂ ਨੂੰ ਲਗਾਉਣ ਅਤੇ ਸਫਾਈ ਲਈ ਇਮਾਰਤ ਦੇ ਨਿਯਮਾਂ ਅਤੇ ਉਤਪਾਦਕ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।
- ਆਪਣੀ ਚਿਮਨੀ ਦੀ ਬਾਕਾਇਦਾ ਜਾਂਚ ਕਰਦੇ ਰਹੋ ਅਤੇ ਉਨ੍ਹਾਂ ਨੂੰ WETT ਤੋਂ ਪ੍ਰਮਾਣਿਤ ਤਕਨੀਸ਼ੀਅਨ ਕੋਲੋਂ ਸਾਫ ਕਰਵਾਉ। ਆਪਣੇ ਨੇੜੇ ਦੇ ਕਿਸੇ ਤਕਨੀਸ਼ੀਅਨ ਦਾ ਪਤਾ ਲੈਣ ਲਈ www.wettinc.ca ਵੇਖੋ।

  ਓਂਟਾਰੀਓ ਦਾ ਅੱਗ ਬਾਰੇ ਕੋਡ (Ontario Fire Code) ਅਨੁਸਾਰ ਇਨ੍ਹਾਂ ਦੀ ਜਾਂਚ ਹਰ ਸਾਲ ਘੱਟੋ ਘੱਟ ਇਕ ਵਾਰ ਅਤੇ ਸਫਾਈ ਜ਼ਰੂਰਤ ਹੋਵੇ, ਕਰਵਾਉਣੀ ਜ਼ਰੂਰੀ ਹੈ।
- ਯਕੀਨੀ ਬਣਾਉ ਕਿ ਸਟੋਵ ਦੀਆਂ ਪਾਈਪਾਂ ਦੇ ਕਨੈਕਸ਼ਨ ਕਸ ਕੇ ਲਗੇ ਹੋਏ ਹਨ।
- ਜ਼ਿਆਦਾ ਗਰਮੀ ਲਈ ਕੰਧਾ ਦੀ ਜਾਂਚ ਕਰੋ, ਕਿਉਂਕਿ ਇਹ ਸੰਕੇਤ ਹੋ ਸਕਦਾ ਹੈ ਕਿ ਸਫਾਈ ਠੀਕ ਤਰ੍ਹਾਂ ਨਹੀਂ ਹੋਈ।
- ਚਿਮਨੀ ਦੇ ਉਪਰ ਇਕ ਸਪਾਰਕ ਸਕ੍ਰੀਨ (ਚੰਗਿਆੜੀਆਂ ਲਈ ਪਰਦਾ) ਅਤੇ ਬਾਰਸ਼ ਵਿਚ ਪਾਣ ਵਾਲੀ ਇਕ ਟੋਪੀ ਲਾ ਦਿਉ।
- ਯਕੀਨੀ ਬਣਾਉ ਕਿ ਸਪਾਰਕ ਸਕ੍ਰੀਨ, ਖੁੱਲ੍ਹੀ ਥਾਂ ਤੇ ਅੰਗੀਠੀਆਂ/ਲੱਕੜੀ ਦੇ ਸਟੋਵਾਂ ਲਈ ਠੀਕ ਢੰਗ ਨਾਲ ਲਗਾਏ ਹੋਏ ਹਨ।
- ਫਰਸ਼ਾਂ/ਕੰਧਾਂ ਨੂੰ ਗਰਮੀ ਤੋਂ ਬਚਾਉ।
- ਜਲਣਸ਼ੀਲ ਵਸਤੂਆਂ ਨੂੰ ਅੰਗੀਠੀਆਂ, ਲੱਕੜੀ ਦੇ ਸਟੋਵਾਂ ਅਤੇ ਭੱਠੀਆਂ ਤੋਂ ਘੱਟੋ ਘੱਟ 1.2 ਮੀਟਰ ਦੂਰ ਰੱਖੋ।
- ਜਗ੍ਹਾ ਗਰਮ ਕਰਨ ਵਾਲੇ ਹੀਟਰਾਂ ਨੂੰ ਜਗ੍ਹਾ ਦਿਉ। ਜਲਣਸ਼ੀਲ ਵਸਤੂਆਂ ਨੂੰ ਘੱਟੋ ਘੱਟ 1 ਮੀਟਰ ਦੂਰ ਰੱਖੋ ਅਤੇ ਬਾਹਰ ਜਾਣ ਤੋਂ ਪਹਿਲਾਂ ਜਾਂ ਸੌਣ ਤੋਂ ਪਹਿਲਾਂ ਉਨ੍ਹਾਂ ਦਾ ਕਨੈਕਸ਼ਨ ਕੱਢ ਲਉ।

ਬਿਜਲੀ ਦੀ ਡਿਸਟ੍ਰੀਬਿਊਸ਼ਨ (ਵੰਡ ਕਰਨ) ਵਾਲਾ ਸਾਜ਼ੋ-ਸਾਮਾਨ

ਬਿਜਲੀ ਦੀਆਂ ਅੱਗਾਂ ਦਾ ਸਭ ਤੋਂ ਆਮ ਕਾਰਣ ਤਾਰਾਂ ਨਾਲ ਸਬੰਧਤ ਹੈ।

ਬਿਜਲੀ ਤੋਂ ਲਗਣ ਵਾਲੀ ਅੱਗ ਨੂੰ ਰੋਕਣਾ:

- ਆਪਣੇ ਬਿਜਲੀ ਦੇ ਸਿਸਟਮ ਦੀ ਮੁਰੰਮਤ ਅਤੇ ਉਸ ਵਿਚ ਕੁਝ ਵਾਧੂ ਜੋੜਨ ਲਈ ਬਿਜਲੀ ਦੇ ਇਕ ਲਾਇਸੈਂਸ ਪ੍ਰਾਪਤ ਠੇਕੇਦਾਰ ਕੋਲੋਂ ਕੰਮ ਕਰਵਾਉ।
- ਬਿਜਲੀ ਦਾ ਉਹੀ ਸਾਜ਼ੋ-ਸਾਮਾਨ ਅਤੇ ਉਪਕਰਨ ਇਸਤੇਮਾਲ ਕਰੋ, ਜਿਨ੍ਹਾਂ ਨੂੰ ਸਰਟੀਫਿਕੇਟ ਦੇਣ ਵਾਲੀ ਮਾਨਤਾ ਪ੍ਰਾਪਤ ਏਜੰਸੀ ਵੱਲੋਂ ਮੰਜ਼ੂਰੀ ਮਿਲੀ ਹੋਵੇ।

ਬਿਜਲੀ ਦੇ ਉਤਪਾਦਕਾਂ ਦੀ ਸੁਰੱਖਿਅਤਾ (electrical product safety) ਦੇ ਸਿਰਲੇਖ ਹੇਠਾਂ ਸੂਚੀਬੱਧ ਏਜੰਸੀਆਂ ਲਈ **www.esasafe.com** ਵੇਖੋ।

ਸਿਗਰਟ ਪੀਣ ਨਾਲ ਸਬੰਧਤ ਅੱਗਾਂ

ਸਿਗਰਟ ਪੀਣ ਨਾਲ ਅੱਗ ਲਗਣ ਦਾ ਸਭ ਤੋਂ ਵੱਡਾ ਆਮ ਕਾਰਣ ਨਸ਼ੇ ਵਿਚ ਜਾਂ ਸੌਂ ਜਾਣ ਕਾਰਣ ਹੋਈ ਲਾਪਰਵਾਹੀ। ਇਨ੍ਹਾਂ ਵਿਚੋਂ ਬਹੁਤੀਆਂ ਅੱਗਾਂ ਸੌਣ ਵਾਲੇ ਕਮਰਿਆਂ ਜਾਂ ਆਮ ਉਠਣ ਬੈਠਣ ਦੀ ਜਗ੍ਹ ਤੇ ਲਗਦੀਆਂ ਹਨ।

ਸਿਗਰਟ ਪੀਣ ਨਾਲ ਲਗਦੀਆਂ ਅੱਗਾਂ ਨੂੰ ਰੋਕਣਾ:

- ਜੇ ਤੁਸੀਂ ਨਸ਼ੇ ਕਾਰਣ, ਕਿਸੇ ਦਵਾਈ ਕਾਰਣ ਜਾਂ ਨਸ਼ੀਲੀ ਦਵਾਈ ਕਾਰਣ ਕਮਜ਼ੋਰੀ ਵਿਚੋਂ ਹੋ ਤਾਂ ਸਿਗਰਟ ਨਾ ਪੀਉ।
- ਬਿਸਤਰੇ ਵਿਚ ਜਾਂ ਜਦੋਂ ਤੁਹਾਨੂੰ ਉਂਘ ਆ ਰਹੀ ਹੋਵੇ ਸਿਗਰਟ ਨਾ ਪੀਉ।
- ਬਲਦੇ ਸਿਗਰਟ ਨੂੰ ਕਦੀ ਨਿਗਰਾਨੀ ਬਿਨਾਂ ਨਾ ਛੱਡੋ।
- ਉਹ ਐਸ਼ਟਰੇਅ (ਰਾਖਦਾਨੀ) ਰੱਖੋ ਜੋ ਡੂੰਘੀਆਂ ਹੋਣ ਅਤੇ ਜਿਨ੍ਹਾਂ ਵਿਚ ਸਿਗਰਟ ਪਕੀ ਤਰ੍ਹਾਂ ਟਿਕਿਆ ਰਹਿ ਸਕੇ।
- ਕਦੀ ਵੀ ਸਿਗਰਟ ਪੀਣ ਵਾਲਿਆਂ ਦੀ ਸਮਗਰੀ ਜਾਂ ਰਾਖਦਾਨੀ ਦਾ ਸਾਮਾਨ ਕੂੜੇ ਕਚਰੇ ਵਿਚ ਨਾ ਸੁੱਟੋ, ਪਹਿਲਾਂ ਪਾਣੀ ਵਿਚ ਭਿਉਂ ਦਿਉ ਅਤੇ ਸੁੱਟਣ ਤੋਂ ਪਹਿਲਾਂ ਇਕ ਰਾਤ ਰੱਖੋ।
- ਜਲਣਸ਼ੀਲ ਤਰਲ, ਗੈਸਾਂ, ਜਾਂ ਜਲਣਸ਼ੀਲ ਪਦਾਰਥਾਂ ਨੇੜੇ ਸਿਗਰਟ ਨਾ ਪੀਉ।

ਘਰ ਅਤੇ ਘਰ ਦੀਆਂ ਵਸਤਾਂ ਦਾ ਪੂਰਾ ਨੁਕਸਾਨ।

ਮੋਮਬੱਤੀਆਂ ਨਾਲ ਅੱਗ

ਮੋਮਬੱਤੀਆਂ ਨਾਲ ਲਗਣ ਵਾਲੀਆਂ ਅੱਗਾਂ ਦਾ ਸਭ ਤੋਂ ਵੱਧ ਆਮ ਕਾਰਣ ਇਨ੍ਹਾਂ ਨੂੰ ਜਲਣਸ਼ੀਲ ਵਸਤਾਂ ਨੇੜੇ ਜਗਾਉਣ ਨਾਲ, ਇਨ੍ਹਾਂ ਦੇ ਡਿੱਗ ਪੈਣ ਜਾਂ ਕਿਸੇ ਦਾ ਧਕਾ ਲਗ ਜਾਣ ਨਾਲ ਜਾਂ ਇਨ੍ਹਾਂ ਦੇ ਬਹੁਤ ਨੇੜੇ ਹੋਣ ਨਾਲ ਹੁੰਦਾ ਹੈ।

ਮੋਮਬੱਤੀਆਂ ਨਾਲ ਲਗਦੀਆਂ ਅੱਗਾਂ ਨੂੰ ਰੋਕਣਾ:

- ਚੰਗੀਆਂ ਕੁਆਲਿਟੀ ਦੀਆਂ ਮੋਮਬੱਤੀਆਂ ਇਸਤੇਮਾਲ ਕਰੋ ਜਿਨ੍ਹਾਂ ਵਿਚ ਜਲਣਸ਼ੀਲਤਾ ਘੱਟ ਹੋਵੇ।
- ਮੋਮਬੱਤੀਆਂ ਨੂੰ ਮਜਬੂਤ ਹੋਲਡਰਾਂ ਜੋ ਜਲਣਸ਼ੀਲ ਨਹੀਂ ਵਿਚ ਇਕਸਾਰ ਸਤਹ ਤੇ ਰੱਖੋ।
- ਮੋਮਬੱਤੀਆਂ ਨੂੰ ਬੱਚਿਆਂ ਅਤੇ ਪਾਲਤੂ ਜਾਨਵਰਾਂ ਦੀ ਪਹੁੰਚ ਤੋਂ ਦੂਰ ਰੱਖੋ।
- ਮੋਮਬੱਤੀਆਂ ਨੂੰ ਜਲਣਸ਼ੀਲ ਸਮਗਰੀ ਤੋਂ ਦੂਰ ਰੱਖੋ।
- ਘਰ ਜਾਂ ਕਮਰੇ ਤੋਂ ਬਾਹਰ ਜਾਣ ਸਮੇਂ ਮੋਮਬੱਤੀਆਂ ਬੁਝਾ ਦਿਉ।

ਮਾਚਿਸਾਂ ਅਤੇ ਲਾਈਟਰ ਨਾਲ ਲਗਣ ਵਾਲੀਆਂ ਅੱਗਾਂ

ਮਾਚਿਸਾਂ ਅਤੇ ਲਾਈਟਰ ਤੋਂ ਲਗਣ ਵਾਲੀਆਂ ਅੱਗਾਂ ਦਾ ਸਭ ਤੋਂ ਵੱਧ ਆਮ ਕਾਰਣ ਬੱਚਿਆਂ ਦੇ ਇਨ੍ਹਾਂ ਨਾਲ ਖੇਡਣ ਜਾਂ ਜਾਣ ਬੁਝ ਕੇ ਅੱਗ ਲਾਣ ਨਾਲ ਹੁੰਦਾ ਹੈ।

ਾ 3. ਬਚ ਕੇ ਨਿਕਲਨਾ

ਮਾਚਿਸਾਂ ਅਤੇ ਲਾਈਟਰ ਦੀਆਂ ਅੱਗਾਂ ਨੂੰ ਰੋਕਣਾ:

- ਮਾਚਿਸਾਂ ਅਤੇ ਲਾਈਟਰ ਨੂੰ ਬੱਚਿਆਂ ਦੀ ਪਹੁੰਚ ਤੋਂ ਅਤੇ ਬੱਚਿਆਂ ਦੀ ਨਜ਼ਰ ਤੋਂ ਦੂਰ ਰੱਖਣਾ (ਤਾਲੇ ਵਾਲੀ ਅਲਮਾਰੀ ਵਿਚ ਰੱਖਣ ਨੂੰ ਤਰਜੀਹ ਦਿਉ)।
- ਬੱਚਿਆਂ ਨੂੰ ਸਿਖਾਉ ਕਿ ਮਾਚਿਸਾਂ ਅਤੇ ਲਾਈਟਰ ਖਿਡੌਣੇ ਨਹੀਂ ਬਲਕਿ ਕੰਮ ਕਰਨ ਲਈ "ਔਜ਼ਾਰ" ਹਨ ਅਤੇ ਉਨ੍ਹਾਂ ਨੂੰ ਨਾ ਛੇੜਨ, ਪਰ ਜੇ ਉਨ੍ਹਾਂ ਨੂੰ ਲੱਭ ਪੈਣ ਤਾਂ ਉਹ ਕਿਸੇ ਵੱਡੇ ਨੂੰ ਦੱਸਣ।
- ਬੱਚਿਆਂ ਨੂੰ ਕਦੀ ਵੀ ਮਾਚਿਸਾਂ ਜਾਂ ਲਾਈਟਰ ਨਾਲ ਖੇਡਣ ਨਾ ਦਿਉ।
- ਜੇ ਤੁਸੀਂ ਸਿਗਰਟ ਪੀਂਦੇ ਹੋ, ਤਾਂ ਮਾਚਿਸਾਂ ਅਤੇ ਲਾਈਟਰ ਇਕ ਅਜਿਹੀ ਥਾਂ ਤੇ ਰੱਖੋ ਜਿਥੇ ਜੇ ਉਹ ਨਾ ਹੋਈਆਂ ਤਾਂ ਤੁਹਾਨੂੰ ਪਤਾ ਲਗ ਜਾਏਗਾ (ਜਿਵੇਂ ਜੇਬ ਵਿਚ)।
- ਜੇ ਤੁਸੀਂ ਜਾਣਦੇ ਹੋ, ਜਾਂ ਤੁਹਾਨੂੰ ਸ਼ੱਕ ਹੈ ਕਿ ਤੁਹਾਡਾ ਬੱਚਾ ਅੱਗ ਨਾਲ ਖੇਡ ਵਿਚ ਸ਼ਾਮਲ ਹੈ, ਤਾਂ ਸਹਾਇਤਾ ਮਿਲ ਸਕਦੀ ਹੈ।

  TAPP-C ਸਿੱਖਿਆ ਪ੍ਰੋਗਰਾਮ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਲਈ ਉਪਲਬਧ ਹੈ। ਕਿਰਪਾ ਕਰਕੇ ਵੇਰਵਿਆਂ ਲਈ, ਸਾਡੀ ਪਬਲਿਕ ਐਜੁਕੇਸ਼ਨ ਯੂਨਿਟ (Public Education unit) ਨੂੰ 905-896-5908 'ਤੇ ਕਾੱਲ ਕਰੋ।

ਰੱਖਿਆ ਦੀਆਂ ਤਿੰਨ ਲਾਈਨਾਂ ਦਾ ਅਭਿਆਸ ਕਰੋ: 1. ਅੱਗ ਤੋਂ ਬਚ

2. ਸੁਰਾਗ ਮਿਲਣਾ ਜਾਂ ਪਤਾ ਲਗਣਾ

ਜੇ ਅੱਗ ਲਗ ਜਾਂਦੀ ਹੈ, ਤਾਂ ਉਸਦਾ ਜਲਦੀ ਪਤਾ ਲਗਣਾ ਜ਼ਰੂਰੀ ਹੈ, ਤਾਂ ਜੋ ਤੁਹਾਨੂੰ ਬਚਣ ਦਾ ਸਮਾਂ ਮਿਲ ਸਕੇ।

ਸਮੋਕ ਅਲਾਰਮ, ਜ਼ਿੰਦਗੀਆਂ ਬਚਾਂਦੇ ਹਨ

ਜੇ ਅੱਗ ਰੋਕਣ ਲਈ ਤੁਹਾਡੀਆਂ ਸਭ ਤੋਂ ਵਧੀਆ ਕੋਸ਼ਿਸ਼ਾਂ ਦੇ ਬਾਵਜੂਦ ਅੱਗ ਲਗ ਜਾਏ ਤਾਂ ਸਮੋਕ ਅਲਾਰਮਾਂ ਰਾਹੀ ਇਸਦਾ ਜਲਦੀ ਪਤਾ ਲਗਣਾ ਚਾਹੀਦਾ ਹੈ। ਜਲਦੀ ਪਤਾ ਲਗਣ ਨਾਲ ਜ਼ਿੰਦਗੀਆਂ ਬਚ ਸਕਦੀਆਂ ਹਨ। ਹਰ ਘਰ ਵਿਚ, ਹਰ ਮੰਜ਼ਲ ਤੇ ਇਕ ਕੰਮ ਕਰ ਰਿਹਾ ਸਮੋਕ ਅਲਾਰਮ ਲਗਿਆ ਹੋਣਾ ਜ਼ਰੂਰੀ ਹੈ। ਇਹ ਕਾਨੂੰਨ ਹੈ!

ਕੀ ਤੁਸੀਂ ਜਾਣਦੇ ਹੋ ਕਿ ਲਗਭਗ 50% ਸਮੋਕ ਅਲਾਰਮ ਜੋ ਘਰ ਵਿਚ ਲਗੇ ਹੁੰਦੇ ਹਨ ਕੰਮ ਨਹੀਂ ਕਰਦੇ?

ਤੁਹਾਡੇ ਦੀ ਕੀ ਸਥਿਤੀ ਹੈ? ਇਸਨੂੰ ਅੱਜ ਹੀ ਟੈਸਟ (ਜਾਂਚ) ਕਰੋ!

ਸਮੋਕ ਅਲਾਰਮ ਬਾਰੇ ਗੁਰ (ਸੁਝਾਅ):

- ਸਮੋਕ ਅਲਾਰਮਾਂ ਨੂੰ ਹਰ ਮਹੀਨੇ ਟੈਸਟ ਕਰੋ।
- ਹਰ ਸਾਲ ਬੈਟਰੀਆਂ ਬਦਲੋ (ਜੇ ਬੈਟਰੀ ਨਾਲ ਚਲਦੇ ਹੋਣ)।
- ਸਮੋਕ ਅਲਾਰਮਾਂ ਦੀ ਹਰ ਸਾਲ ਸਫਾਈ ਕਰੋ।
- 10 ਸਾਲਾਂ ਤੋਂ ਵੱਧ ਪੁਰਾਣੇ ਸਮੋਕ ਅਲਾਰਮਾਂ ਦੀ ਜਗ੍ਹਾ ਨਵੇਂ ਸਮੋਕ ਅਲਾਰਮ ਲਗਾਉ।
- ਜੇ ਤੰਗ ਕਰਨ ਵਾਲੇ ਅਲਾਰਮਾਂ (ਝੂਠੇ) ਦਾ ਅਨੁਭਵ ਹੋ ਰਿਹਾ ਹੈ ਤਾਂ ਬੈਟਰੀ ਨਾ ਹਟਾਉ। ਤਾਂ "ਚੁਪਚਾਪ ਵਿਸ਼ੇਸ਼ਤਾ" ("hush feature") ਵਾਲੇ ਅਲਾਰਮ ਜਾਂ ਕਿਸੇ ਹੋਰ ਕਿਸਮ ਦਾ ਅਲਾਰਮ ਲਗਾਉਣ ਬਾਰੇ ਸੋਚੋ। ਖੱਪਖਾਨੇ ਵਾਲੇ ਅਲਾਰਮਾਂ ਨੂੰ ਹਟਾਉਣ ਜਾਂ ਉਨ੍ਹਾਂ ਦੀ ਗਿਣਤੀ ਘੱਟ ਕਰਨ ਲਈ ਸੁਝਾਵਾਂ ਲਈ **www.makeitstop.ca** ਵੇਖੋ।

ਹੋਰ ਵੱਧ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਪੂਰਕ (ਜ਼ਮੀਮਾਂ) ਕਿਤਾਬਚੀ ***ਕੰਮ ਕਰ ਰਹੇ ਧੂਏਂ ਦੇ ਅਲਾਰਮ, ਇਹ ਕਾਨੂੰਨ ਹੈ, ਇਹ ਤੁਹਾਡੀ ਜ਼ਿੰਦਗੀ ਹੈ (Working Smoke Alarms, It's the Law, It's Your Life)*** ਵੇਖੋ।

ਲਾਪਰਵਾਹੀ ਨਾਲ ਸਿਗਰਟ ਪੀਣ ਨਾਲ ਅੱਗ ਜਿਸ ਲਈ ਸ਼ੱਕ ਹੈ।

3. ਬਚ ਕੇ ਨਿਕਲਣਾ

ਅੱਗ ਲਗਣ ਤੇ ਤੁਹਾਡੇ ਕੋਲ ਬਚ ਕੇ ਨਿਕਲਨ ਲਈ ਇਕ ਮਿੰਟ ਤੋਂ ਘੱਟ ਸਮਾਂ ਹੈ।

ਆਪਣੇ ਬਚ ਕੇ ਨਿਕਲਨ ਦੀ ਯੋਜਨਾ ਬਨਾਉ

ਤੁਹਾਨੂੰ ਬਚ ਕੇ ਨਿਕਲਨ ਦੀ ਯੋਜਨਾ ਰੱਖਣ ਦੀ ਜ਼ਰੂਰਤ ਹੈ, ਤਾਂ ਜੋ ਹਰ ਇਕ ਨੂੰ ਪਤਾ ਹੋਵੇ ਕਿ ਜੇ ਅੱਗ ਲਗ ਜਾਏ ਤਾਂ ਕੀ ਕਰਨਾ ਹੈ ਅਤੇ ਕਿਥੇ ਜਾਣਾ ਹੈ। ਆਪਣੇ ਪਰਿਵਾਰ ਨਾਲ ਯੋਜਨਾ ਬਣਾਉਣ ਲਈ ਸਮਾਂ ਕੱਢੋ ਅਤੇ ਪੂਰੀ ਸੰਜ਼ਲ ਦਾ ਨਕਸ਼ਾ ਬਣਾਉ ਜਿਸ ਵਿਚ ਸਾਰੇ ਕਮਰੇ ਅਤੇ ਬਾਹਰ ਨਿਕਲਨ ਦੇ ਰਸਤੇ ਵਿਖਾਏ ਜਾਣ। ਜੇ ਸੰਭਵ ਹੋਵੇ, ਤਾਂ ਤੁਸੀਂ ਹਰ ਕਮਰੇ ਵਿਚੋਂ ਬਾਹਰ ਨਿਕਲਨ ਦੇ ਦੋ ਰਾਹ ਰੱਖੋ। ਇਮਾਰਤ ਵਿਚੋਂ ਇਕ ਵਾਰ ਬਾਹਰ ਨਿਕਲ ਕੇ ਸਭ ਨੂੰ ਮਿਲਣ ਵਾਲੀ ਕਿਸੇ ਸੁਰੱਖਿਅਤ ਥਾਂ ਤੇ ਪਹੁੰਚ ਕੇ 911 ਨੂੰ ਕਾੱਲ ਕਰੋ।
ਕਿਸੇ ਵੀ ਕਾਰਣ ਲਈ ਇਮਾਰਤ ਵਿਚ ਮੁੜ ਦਾਖਲ ਨਾ ਹੋਵੋ।

ਇਹ ਯਕੀਨੀ ਬਣਾਉ, ਕਿ ਤੁਹਾਡੇ ਬਚ ਕੇ ਨਿਕਲਨ ਦੀ ਯੋਜਨਾ ਵਿਚ ਬੱਚਿਆਂ, ਅਪਾਹਿਜਾਂ ਅਤੇ ਵੱਡੀ ਉਮਰ ਦੇ ਲੋਕਾਂ ਦੀਆਂ ਕੋਈ ਵਿਸ਼ੇਸ਼ ਜ਼ਰੂਰਤਾਂ ਵੀ ਸ਼ਾਮਲ ਹੋਣ।

ਹੋਰ ਵੱਧ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਜ਼ਮੀਮਾਂ ਕਿਤਾਬਚੀ ਵੇਖੋ
ਘਰ ਦੀ ਅੱਗ ਵਿਚੋਂ ਬਚਣ ਦੀ ਯੋਜਨਾ (Home Fire Escape Plan)

ਨੋਟ: ਜੇ ਤੁਸੀਂ ਇਕ ਅਪਾਰਟਮੈਂਟ ਜਾਂ ਕੋਂਡੋ (condo) ਵਿਚ ਰਹਿ ਰਹੇ ਹੋ ਤਾਂ ਆਪਣੀ ਇਮਾਰਤ ਵਿਚ ਲਗੀ ਅੱਗ ਵਿਚੋਂ ਬਚ ਕੇ ਨਿਕਲਨਾ ਕੁਝ ਵੱਖਰੀ ਤਰ੍ਹਾਂ ਦਾ ਹੋ ਸਕਦਾ ਹੈ। ਹੋਰ ਵੱਧ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਜ਼ਮੀਮਾਂ ਕਿਤਾਬਚੀ ਵੇਖੋ
ਉਨ੍ਹਾਂ ਵਿਅਕਤੀਆਂ ਲਈ ਅੱਗ ਤੋਂ ਸੁਰੱਖਿਆ ਜੋ ਬਹੁ ਯੂਨਿਟਾਂ ਅਤੇ ਬਹੁ-ਮੰਜ਼ਲੀ ਅਪਾਰਟਮੈਂਟਾਂ ਅਤੇ ਸਰਕਾਰੀ ਘਰਾਂ ਵਿਚ ਰਹਿੰਦੇ ਹਨ (Fire Safety, for persons who live in multi-unit and multi-level Apartments and Condos)।